**ਮਨਮੋਹਨ ਸਿੰਘ ਦਾ ਸਫ਼ੈਦ ਝੂਠਃ**

# ‘ਪੰਜ ਸਾਲਾਂ ਵਿਚ ਗਰੀਬੀ ਦੂਰ ਕਰਨ ਦੇ ਯਤਨ ਕਰਾਂਗੇ’

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਜੈਪੁਰ ਵਿਖੇ ਗਰੀਬੀ ਅਤੇ ਬੇਰੁਜ਼ਗਾਰੀ ਬਾਰੇ ਮਗਰਮੱਛ ਦੇ ਹੰਝੂ ਵਹਾਉਦਿਆਂ ਕਿਹਾ ਕਿ ਅਗਲੇ ਪੰਜ ਸਾਲਾਂ ਚ` ਗਰੀਬੀ ਦੂਰ ਕਰਨ ਲਈ ਠੋਸ ਯਤਨ ਕੀਤੇ ਜਾਣਗੇ। ਉਸ ਨੇ ਕਿਹਾ ਕਿ ਗਰੀਬੀ ਅਤੇ ਭੁੱਖਮਰੀ ਦੇ ਕਾਰਨ ਵਾਸਤਵਿਕ ਆਜ਼ਾਦੀ ਦਾ ਸੁਫਨਾ ਅੱਜ ਵੀ ਪੂਰਾ ਨਹੀਂ ਹੋਇਆ ਹੈ ਅਤੇ ਉਸ ਦੀ ਸਰਕਾਰ ਅਜਿਹੇ ਠੋਸ ਯਤਨ ਕਰ ਰਹੀ ਹੈ ਜਿਨ੍ਹਾਂ ਨਾਲ ਅਗਲੇ ਪੰਜ ਸਾਲਾਂ ਵਿਚ ਗਰੀਬੀ ਨੂੰ ਸਮਾਪਤ ਕੀਤਾ ਜਾ ਸਕੇ। ਉਸਨੇ ਇਹ ਵੀ ਕਿਹਾ ਕਿ ਪਛੜੀਆਂ ਜਾਤਾਂ ਅਤੇ ਕਮਜ਼ੋਰ ਜਮਾਤਾਂ ਦੇ ਲੋਕਾਂ ਦੀ ਆਵਾਜ਼ ਕੇਂਦਰ ਤੱਕ ਪਹੁੰਚ ਚੁੱਕੀ ਹੈ। ਉਸਨੇ ਦੱਸਿਆ ਕਿ ਜੋ ਆਰਥਕ ਸੁਧਾਰ ਉਸਨੇ ੧੯੯੧ ਵਿਚ ਸ਼ੁਰੂ ਕੀਤੇ ਸੀ ਉਨ੍ਹਾਂ ਬਾਰੇ ਦੇਸ਼ ਵਿਚ ਆਮ ਰਾਏ ਅਤੇ ਸਹਿਮਤੀ ਬਣ ਗਈ ਹੈ ਅਤੇ ਹਰੇਕ ਸਿਆਸੀ ਪਾਰਟੀ ਇਸ ਗਲ ਨਾਲ ਸਹਿਮਤ ਹੈ। ਗਰੀਬੀ ਦੇ ਹੱਲ ਲਈ ਉਸਨੇ ਕਿਹਾ ਕਿ ਆਰਥਕ ਪ੍ਰਗਤੀ ਨੂੰ ਤੇਜ਼ ਕਰਨਾ ਹੋਵੇਗਾ ਅਤੇ ਖੇਤੀ ਦੇ ਨਾਲ ਨਾਲ ਸਨਅਤੀ ਉਤਪਾਦਨ ਵੀ ਵਧਾਉਣਾ ਹੋਵੇਗਾ। ਰੇਲ, ਸੜਕ, ਬੰਦਰਗਾਹ ਵਗੈਰਾ ਨੂੈ ਵਿਕਸਤ ਦੇਸ਼ਾਂ ਦੇ ਮੁਕਾਬਲੇ ਦਾ ਬਣਾਉਣਾ ਹੋਵੇਗਾ।

ਮਨਮੋਹਨ ਸਿੰਘ ਨੇ ਇਹ ਵੀ ਕਿਹਾ ਕਿ ਵਧੀਆ ਸੇਵਾਵਾਂ ਦੀ ਜ਼ਰੂਰਤ ਹੁਣ ਆਮ ਆਦਮੀ ਨੂੰ ਮਹਿਸੂਸ ਹੋਣ ਲੱਗ ਪਈ ਹੈ। ਨਿੱਜੀ ਅਤੇ ਸਾਰਵਜਨਿਕ ਖੇਤਰ ਦੀ ਸਂਝੀਦਾਰੀ ਨਾਲ ਸੜਕਾਂ ਦੇ ਵਿਕਾਸ ਦੀ ਚਰਚਾ ਕਰਦਿਆਂ ਉਸ ਨੇ ਕਿਹਾ ਕਿ ਪਿੰਡ ਪਿੰਡ ਤੱਕ ਸੜਕਾਂ ਦਾ ਜਾਲ ਵਿਛਾਉਣਾ ਜ਼ਰੂਰੀ ਹੈ। ਉਸ ਨੇ ਕਿਹਾ ਕਿ ਕਿਸਾਨਾਂ ਦੇ ਉਤਪਾਦਨ ਨੂੰ ਮੰਡੀਆਂ ਤੱਕ ਪਹੁੰਚਾਉਣ ਲਈ ਵੀ ਸੜਕਾਂ ਜ਼ਰੂਰੀ ਹਨ।

ਜੇ ਮਨਮੋਹਨ ਸਿੰਘ ਦੇ ਇਸ ਬਿਆਨ ਬਾਰੇ ਸੋਚਿਆ ਜਾਵੇ ਤਾਂ ਉਸ ਨੂੰ ਪੁੱਛਣਾ ਪਵੇਗਾ ਕਿ ਉਹ ਕਿਹੜੀ ਦੁਨੀਆ ਵਿਚ ਰਹਿ ਰਿਹਾ ਹੈ? ਉਸ ਨੂੰ ਇਸ ਗੱਲ ਦਾ ਹੁਣ ਪਤਾ ਲੱਗਾ ਹੈ ਕਿ ਗਰੀਬੀ ਅਤੇ ਭੁੱਖਮਰੀ ਕਾਰਨ ਆਜ਼ਾਦੀ ਦਾ ਸੁਫਨਾ ਅੱਜ ਵੀ ਪੂਰਾ ਨਹੀਂ ਹੋਇਆ? ੫੮ ਸਾਲ ਤੋਂ ਉਹ ਕਿਤੇ ਸੁਤਾ ਪਿਆ ਸੀ ਜਾਂ ਮਚਲਾ ਹੋ ਕੇ ਹਕੀਕਤ ਤੋਂ ਅੱਖਾਂ ਮੋੜੀ ਬੈਠਾ ਸੀ? ਉਹ ਕਈ ਦਹਾਕਿਆਂ ਤੋਂ ਸਰਕਾਰਾਂ ਅਤੇ ਰਾਜ ਤੰਤ੍ਰ ਦਾ ਹਿੱਸਾ ਰਿਹਾ ਹੈ ਜਿਨ੍ਹਾਂ ਸਰਕਾਰਾਂ ਅਤੇ ਰਾਜ ਤੰਤ੍ਰ ਨੇ ੧੯੪੭ ਤੋਂ ਲੈ ਕੇ ਅੱਜ ਤੀਕ ਹਮੇਸ਼ਾ ਹੀ ਗਰੀਬੀ ਹਟਾਉਣ ਦੇ ਨਾਅਰੇ ਲਾਏ ਹਨ ਪਰ ਗਰੀਬੀ ਹਟਾਉਣ ਦੇ ਬਜਾਏ ਅਮੀਰਾਂ ਦੀਆਂ ਜੇਬਾਂ ਹੀ ਭਰੀਆਂ ਹਨ।ਲੋਕਾਂ ਦੀ ਮਿਹਨਤ ਅਤੇ ਕੁਦਰਤੀ ਸੋਮਿਆਂ ਨਾਲ ਦੇਸ਼ ਵਿਚ ਦੌਲਤ ਬਥੇਰੀ ਪੈਦਾ ਹੁੰਦੀ ਰਹੀ ਹੈ ਪਰ ਇਹ ਦੌਲਤ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਥਾਂ ਲੋਟੂਆਂ ਦੀਆਂ ਜੇਬਾਂ ਭਰਨ ਲਈ ਵਰਤੀ ਜਾਂਦੀ ਰਹੀ ਹੈ ਅਤੇ ਵਰਤੀ ਜਾ ਰਹੀ।

ਜਿਨ੍ਹਾਂ ਸੁਧਾਰਾਂ ਦੀ ਮਨਮੋਹਨ ਸਿੰਘ ਗੱਲ ਕਰ ਰਿਹਾ ਹੈ ਉਹ ਇਕ ਸਮਾਜ ਵਿਰੋਧੀ ਹਮਲਾ ਸੀ ਜਿਹੜਾ ਹਾਕਮ ਜਮਾਤਾਂ ਨੇ ਹਿੰਦੁਸਤਾਨ ਦੇ ਲੋਕਾਂ ਖਿਲਾਫ਼ ਜਥੇਬੰਦ ਕੀਤਾ। ਆਜ਼ਾਦੀ ਦੀ ਜੱਦੋ-ਜਹਿਦ ਕਰਕੇ ਲੋਕਾਂ ਨੇ ਕੁਝ ਜਿੱਤਾਂ ਪ੍ਰਾਪਤ ਕੀਤੀਆਂ ਸੀ। ਹਾਕਮ ਜਮਾਤਾਂ ਨੂੰ ਮਜਬੂਰ ਕਰਕੇ ਕੁਝ ਰਿਆਇਤਾਂ ਜਿਤੀਆਂ ਸਨ। ਮਨਮੋਹਨ ਸਿੰਘ ਦੇ ਸੁਧਾਰਾਂ ਨੇ ਸਾਮਰਾਜ ਨਾਲ ਮਿਲ ਕੇ ਲੋਕਾਂ ਦੇ ਖ਼ਿਲਾਫ਼ ਇਹ ਸਮਾਜ ਵਿਰੋਧੀ ਹਮਲਾ ਉਨ੍ਹਾਂ ਜਿਤਾਂ ਨੂੰ ਖੋਹਣ ਲਈ ਅਰੰਭਿਆ ਸੀ ਜੋ ਹੁਣ ਤੇਜ਼ ਹੋ ਰਿਹਾ ਹੈ। ਇਸ ਸਮਾਜ ਵਿਰੋਧੀ ਹਮਲੇ ਦਾ ਮੁੱਖ ਮੁੱਦਾ ਇਹ ਹੈ ਕਿ ਸਰਕਾਰ ਦੀ ਅਤੇ ਰਾਜ ਤੰਤ੍ਰ ਦੀ ਲੋਕਾਂ ਵੱਲ ਕੋਈ ਜ਼ਿੰਮੇਵਾਰੀ ਨਹੀਂ ਹੈ। ਰਾਜ ਤੰਤ੍ਰ ਦਾ ਮੁੱਖ ਫਰਜ਼ ਤਾਂ ਅਮੀਰਾਂ ਦੀਆਂ ਜੇਬਾਂ ਹੀ ਭਰਨਾ ਹੈ। ਇਸ ਹਮਲੇ ਤਹਿਤ ਜਿਹੜੀਆਂ ਸਨਅਤਾਂ ਅਤੇ ਕਾਰਖ਼ਾਨੇ ਲੋਕਾਂ ਦੇ ਪੈਸੇ ਨਾਲ ਬਣਾਏ ਗਏ ਸੀ ਉਹ ਸਭ ਹੌਲੀ ਹੌਲੀ ਸਰਮਾਏਦਾਰਾਂ ਨੂੰ ਕੌਡੀਆਂ ਦੇ ਭਾਅ ਦਿਤੇ ਜਾ ਰਹੇ ਹਨ ਤੇ ਬਹਾਨਾ ਕੀਤਾ ਜਾ ਰਿਹਾ ਹੈ ਕਿ ਇਸ ਨਾਲ ਆਰਥਕ ਤਰੱਕੀ ਹੋਵੇਗੀ ਅਤੇ ਗਰੀਬੀ ਖ਼ਤਮ ਹੋਵੇਗੀ। ਸਾਰਾ ਕੁਝ ਅਮੀਰਾਂ ਦੇ ਹਵਾਲੇ ਕਰਕੇ ਗਰੀਬੀ ਕਿਵੇਂ ਦੂਰ ਹੋਵੇਗੀ?

ਮਨਮੋਹਨ ਸਿੰਘ ਨੂੰ ਇਹ ਅੱਜ ਪਤਾ ਲੱਗਾ ਹੈ ਕਿ ਆਮ ਆਦਮੀ ਵਧੀਆ ਸੇਵਾਵਾਂ ਦੀ ਲੋੜ ਮਹਿਸੂਸ ਕਰਨ ਲੱਗ ਪਿਆ ਹੈ? ਆਮ ਲੋਕ ਹਮੇਸ਼ਾ ਹੀ ਵਧੀਆ ਸੇਵਾਵਾਂ ਦੀ ਲੋੜ ਵੀ ਮਹਿਸੂਸ ਕਰਦੇ ਰਹੇ ਹਨ ਅਤੇ ਮੰਗ ਵੀ ਕਰਦੇ ਰਹੇ ਹਨ। ਪਰ ਸਰਕਾਰ ਅਤੇ ਰਾਜ ਤੰਤ੍ਰ ਹੀ ਜਾਂ ਤਾਂ ਕੋਈ ਸੇਵਾ ਦਿੰਦੇ ਹੀ ਨਹੀਂ ਰਹੇ ਜਾਂ ਘਟੀਆ ਤੋਂ ਘਟੀਆ ਸੇਵਾਵਾਂ ਦਿੰਦੇ ਰਹੇ ਹਨ। ਮਨਮੋਹਨ ਸਿੰਘ ਨੂੰ ਤਾਂ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਉਹ ਖੁਦ ਆਪ ਇਸ ਰਾਜ ਤੰਤ੍ਰ ਦਾ ਹਿੱਸਾ ਰਿਹਾ ਹੈ ਤੇ ਹੈ। ਮਿਸਾਲ ਦੇ ਤੌਰ ਤੇ ਰਿਜ਼ਰਵ ਬੈਂਕ ਦੇ ਗਵਰਨਰ ਹੋਣ ਦੀ ਹੈਸੀਅਤ ਵਿਚ ਉਸ ਨੂੰ ਪਤਾ ਸੀ ਕਿ ਸਰਕਾਰ ਬੱਜਟ ਵਿਚ ਕਿਸ ਚੀਜ਼ ਤੇ ਕਿੰਨਾ ਪੈਸਾ ਖ਼ਰਚ ਕਰ ਰਹੀ ਹੈ ਤੇ ਉਹਨੂੰ ਇਹ ਵੀ ਪਤਾ ਸੀ ਕਿ ਕਿੰਨੀਆਂ ਘੱਟ ਅਤੇ ਸੇਵਾਵਾਂ ਅਤੇ ਕਿੰਨੀਆਂ ਘਟੀਆਂ ਸੇਵਾਵਾਂ ਸਰਕਾਰ ਲੋਕਾਂ ਨੂੰ ਦੇ ਰਹੀ ਹੈ। ਤੇ ਹੁਣ ਵੀ ਉਹ ਜਾਣਦਾ ਹੈ ਲੋਕਾਂ ਨੂੰ ਵਧੀਆ ਸੇਵਾਵਾਂ ਦੇਣ ਦੀ ਗੱਲ ਸਿਰਫ਼ ਗੱਲ ਹੀ ਹੈ ਹੋਣਾਂ ਉਹ ਹੈ ਜੋ ਅਮੀਰ ਚਾਹੁੰਦੇ ਹਨ।

ਸੁਆਲ ਉੱਠਦਾ ਹੈ ਕਿ ਮਨਮੋਹਨ ਸਿੰਘ ਇਹ ਸਫ਼ੈਦ ਝੂਠ ਕਿਉਂ ਬੋਲ ਰਿਹਾ ਹੈ? ਮਨਮੋਹਨ ਸਿੰਘ ਇਹ ਸਫ਼ੈਦ ਝੂਠ ਅਸਲੀਅਤ ਤੇ ਪਰਦਾ ਪਾਉਣ ਲਈ ਬੋਲ ਰਿਹਾ ਹੈ ਅਤੇ ਆਪਣੇ ਆਪ ਨੂੰ ਸਾਫ ਸੁਥਰਾ ਪੇਸ਼ ਕਰਕੇ ਲੋਕਾਂ ਦੀ ਅੱਖਾਂ ਵਿਚ ਘੱਟਾ ਪਾਉਣਾ ਚਾਹੁੰਦਾ ਹੈ। ਉਹ ਕਹਿਣਾ ਚਾਹੁੰਦਾ ਹੈ ਕਿ ਮੈਂ ਤੁਹਾਡੇ ਦੁਖ ਅਤੇ ਤਕਲੀਫ਼ ਸਮਝਦਾ ਹਾਂ ਅਤੇ ਮੈਂ ਇਸ ਲਈ ਹੁਣ ਯਤਨ ਜ਼ਰੂਰ ਕਰਾਂਗਾ। ਇਸ ਝੂਠ ਨਾਲ ਉਹ ਇਸ ਅਸਲੀਅਤ ਤੇ ਪਰਦਾ ਪਾਉਣਾ ਚਾਹੁੰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਸਰਕਾਰ ਦੀਆਂ ਨੀਤੀਆਂ ਕਰਕੇ ਆਮ ਆਦਮੀ ਦੀ ਛਿੱਲ ਹੋਰ ਲਹੇਗੀ ਅਤੇ ਹਾਲਤ ਹੋਰ ਮੰਦੀ ਹੋਵੇਗੀ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਦੀ ਇਹ ਪੁਰਾਣੀ ਆਦਤ ਹੈ ਕਿ ਉਹ ਕਹਿੰਦੇ ਕੁਝ ਹੋਰ ਨੇ ਤੇ ਕਰਦੇ ਕੁਝ ਹੋਰ ਨੇ। ਲੋਕਾਂ ਵਿਚ ਇਸ ਰਾਜ ਪ੍ਰਣਾਲੀ ਅਤੇ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਲੀਡਰਾਂ ਦੀ ਪ੍ਰਤੀਤ ਬਿਲਕੁਲ ਮੁੱਕ ਚੁਕੀ ਹੈ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਸਾਮਰਾਜੀਏ ਮਨਮੋਹਨ ਸਿੰਘ ਨੂੰ ਇਕ ਪਾਕ ਸਾਫ ਲੀਡਰ ਤੇ ਤੌਰ ਤੇ ਪੇਸ਼ ਕਰਕੇ ਆਪਣੀ ਤੇ ਆਪਣੇ ਰਾਜ ਤੰਤਰ ਦੀ ਪ੍ਰਤੀਤ ਬਣਾਉਣਾ ਚਾਹੁੰਦੇ ਹਨ। ਉਹ ਮਨਮੋਹਨ ਸਿੰਘ ਨੂੰ ਇਕ ਸਾਫ ਲੀਡਰ ਦੇ ਤੌਰ ਪੇਸ਼ ਕਰਕੇ ਗੰਦੇ ਕੰਮ ਕਰਨ ਲਈ ਲੈ ਕੇ ਆਏ ਹਨ। ਪਰ ਇਹ ਮਨਮੋਹਨ ਸਿੰਘ ਕੋਈ ਐਨਾ ਪਾਕ ਦਾਮਨ ਵੀ ਨਹੀਂ। ਇਹ ਸਰਕਾਰ ਅਤੇ ਰਾਜ ਤੰਤ੍ਰ ਦਾ ਬਹੁਤ ਦੇਰ ਤੋਂ ਹਿੱਸਾ ਰਿਹਾ ਹੈ ਅਤੇ ਹਾਕਮ ਜਮਾਤਾਂ ਲਈ ਪਹਿਲਾਂ ਵੀ ਗੰਦੇ ਕੰਮ ਕਰਦਾ ਰਿਹਾ ਹੈ। ਮਿਸਾਲ ਦੇ ਤੌਰ ਤੇ ਜਦੋਂ ਜਨੀਵਾ ਵਿਖੇ ਮਨੁੱਖੀ ਹੱਕਾਂ ਦੇ ਕਮਿਸ਼ਨ ਵਿਚ ਪੰਜਾਬ ਵਿਚ ਮਨੁੱਖੀ ਹੱਕਾਂ ਦੇ ਘਾਣ ਬਾਰੇ ਬਹਿਸ ਚੱਲ ਰਹੀ ਸੀ ਤਾਂ ਇਹ ਮਨਮੋਹਨ ਸਿੰਘ ਹੀ ਸੀ ਜਿਸ ਨੇ ਹਿੰਦੁਸਤਾਨ ਦੀ ਸਰਕਾਰ ਵਲੋਂ ਇਹ ਕਿਹਾ ਸੀ ਕਿ ਪੰਜਾਬ ਵਿਚ ਮਨੁੱਖੀ ਹੱਕਾਂ ਦੀ ਕੋਈ ਉਲੰਘਣਾ ਨਹੀਂ ਕੀਤੀ ਗਈ।

ਹਿੰਦੁਸਤਾਨ ਵਿਚ ਲੋਕ ਆਪਣੇ ਮਸਲਿਆਂ ਦੇ ਹੱਲ ਲੱਭ ਰਹੇ ਹਨ। ਉਹ ਇਕ ਖ਼ੁਸ਼ਹਾਲ ਮੁਲਕ ਵਸਾਉਣਾ ਚਾਹੁੰਦੇ ਹਨ। ਉਹ ਖ਼ੁਸ਼ਹਾਲ ਰਹਿਣਾ ਚਹਿੰਦੇ ਹਨ। ਮੌਜੂਦਾ ਅਰਥਕਚਾਰਾ ਅਤੇ ਰਾਜ ਤੰਤਰ ਉਨ੍ਹਾਂ ਦੇ ਰਾਹ ਵਿਚ ਅੜਿਕਾ ਹੈ। ਉਨ੍ਹਾਂ ਨੂੰ ਇਸ ਰਾਜ ਤੰਤਰ ਨੂੰ ਖ਼ਤਮ ਕਰਕੇ ਇਕ ਨਵਾਂ ਹਿੰਦੁਸਤਾਨ ਬਣਾਉਣ ਦੀ ਲੋੜ ਹੈ। ਉਨ੍ਹਾਂ ਨੂੰ ਕਿਸੇ ਮਨਮੋਹਨ ਸਿੰਘ ਜਾਂ ਵਾਜਪਾਈ ਦੀ ਪਾਕੀਜ਼ਗੀ ਦੀ ਲੋੜ ਨਹੀਂ। ਮਨਮੋਹਨ ਸਿੰਘ ਲੋਕਾਂ ਨੂੰ ਗੁਮਰਾਹ ਕਰਕੇ ਉਹੀ ਪੁਰਾਣਾ ਲੁੱਟ ਖਸੁੱਟ ਦਾ ਬੰਦੋਬਸਤ ਕਾਇਮ ਰੱਖਣ ਅਤੇ ਲੋਕਾਂ ਦੀ ਲੁੱਟ ਤੇਜ਼ ਕਰਨ ਦੀ ਪੈਰਵੀ ਕਰ ਰਿਹਾ ਹੈ। ਲੋਕਾਂ ਨੂੰ ਚੌਕਸ ਰਹਿਣ ਦੀ ਲੋੜ ਹੈ।